Australian Government | Australian Charities and Not-for-profits Commission

ਸੰਚਾਲਨ ਦੇ ਮਾਪਦੰਡ

ਸੰਚਾਲਨ ਦੇ ਮਾਪਦੰਡ ਦੱਸਦੇ ਹਨ ਕਿ ACNC ਰਜਿਸਟਰਡ ਦਾਨ-ਸੰਸਥਾ ਨੂੰ ਲਾਜ਼ਮੀ ਤੌਰ 'ਤੇ ਕਿਵੇਂ ਚਲਾਇਆ ਜਾਣਾ ਚਾਹੀਦਾ ਹੈ। ਉਹ ਦਾਨ-ਸੰਸਥਾ ਦੀਆਂ ਪ੍ਰਕਿਰਿਆਵਾਂ, ਗਤੀਵਿਧੀਆਂ ਅਤੇ ਸੰਬੰਧਾਂ ਨੂੰ ਕਵਰ ਕਰਦੇ ਹਨ। ਰਜਿਸਟਰ ਹੋਣ ਲਈ, ਅਤੇ ਰਜਿਸਟਰਡ ਰਹਿਣ ਲਈ, ਦਾਨ-ਸੰਸਥਾ ਨੂੰ ਇਨ੍ਹਾਂ ਮਾਪਦੰਡਾਂ ਨੂੰ ਲਾਜ਼ਮੀ ਤੌਰ 'ਤੇ ਪੂਰਾ ਕਰਨਾ ਚਾਹੀਦਾ ਹੈ।

ਮਾਪਦੰਡ ਉੱਚ-ਪੱਧਰੀ ਸਿਧਾਂਤ ਹਨ, ਸਖ਼ਤ ਕਦਮ-ਦਰ-ਕਦਮ ਨਿਯਮ ਨਹੀਂ ਹਨ, ਇਸ ਲਈ ਹਰੇਕ ਦਾਨ-ਸੰਸਥਾ ਵਾਜਬ ਕਾਰਵਾਈਆਂ ਦੀ ਚੋਣ ਕਰਦੀ ਹੈ, ਜੋ ਇਸ ਦੇ ਆਕਾਰ, ਉਦੇਸ਼ ਅਤੇ ਗਤੀਵਿਧੀਆਂ ਲਈ ਢੁੱਕਵੀਆਂ ਹਨ।

ਉਹ ਦਾਨ-ਸੰਸਥਾਵਾਂ ਨੂੰ ਦਾਨੀ ਬਣੇ ਰਹਿਣ, ਕਾਨੂੰਨੀ ਤੌਰ 'ਤੇ ਕੰਮ ਕਰਨ, ਅਤੇ ਜਵਾਬਦੇਹ ਅਤੇ ਜ਼ਿੰਮੇਵਾਰ ਬਣਨ ਵਿੱਚ ਸਹਾਇਤਾ ਕਰਦੇ ਹਨ। ਉਹ ਜਨਤਕ ਵਿਸ਼ਵਾਸ ਦਾ ਵੀ ਸਮਰਥਨ ਕਰਦੇ ਹਨ, ਤਾਂ ਜੋ ਦਾਨ-ਸੰਸਥਾ ਆਪਣੇ ਚੰਗੇ ਕੰਮ ਲਈ ਸਹਾਇਤਾ ਹਾਸਲ ਕਰਨਾ ਜਾਰੀ ਰੱਖ ਸਕੇ। ਕੁਝ ਧਾਰਮਿਕ ਦਾਨ-ਸੰਸਥਾਵਾਂ ਜੋ ਕੁਝ ਮਾਪਦੰਡਾਂ ਨੂੰ ਪੂਰਾ ਕਰਦੀਆਂ ਹਨ, ਉਨ੍ਹਾਂ ਨੂੰ ਇਨ੍ਹਾਂ ਮਾਪਦੰਡਾਂ ਦੀ ਪਾਲਣਾ ਕਰਨ ਦੀ ਲੋੜ ਨਹੀਂ ਹੁੰਦੀ।

ਇੱਥੇ ਸੰਚਾਲਨ ਦੇ ਛੇ ਮਾਪਦੰਡ ਹਨ।

ਸੰਚਾਲਨ ਦੇ ਮਾਪਦੰਡ 1 ਲਈ ਦਾਨ-ਸੰਸਥਾ ਨੂੰ ਗ਼ੈਰ-ਮੁਨਾਫ਼ਾ ਹੋਣ ਅਤੇ ਇਸ ਦੇ ਦਾਨੀ ਉਦੇਸ਼ ਵੱਲ ਕੰਮ ਕਰਨ ਦੀ ਜ਼ਰੂਰਤ ਹੁੰਦੀ ਹੈ - ਜਿਵੇਂ ਕਿ ਸਿੱਖਿਆ, ਧਰਮ, ਲੋੜਵੰਦ ਲੋਕਾਂ ਦੀ ਮਦਦ ਕਰਨਾ, ਜਾਂ ਵਾਤਾਵਰਣ ਦੀ ਰੱਖਿਆ।

ਇਸ ਮਾਪਦੰਡ ਨੂੰ ਪੂਰਾ ਕਰਨ ਲਈ, ਦਾਨ-ਸੰਸਥਾ ਨੂੰ ਆਪਣੇ ਸੰਚਾਲਨ ਦੇ ਦਸਤਾਵੇਜ਼ ਵਿੱਚ ਆਪਣਾ ਉਦੇਸ਼ ਸਪੱਸ਼ਟ ਤੌਰ 'ਤੇ ਦਿਖਾਉਣ ਦੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਸੰਵਿਧਾਨ, ਮਾਡਲ ਨਿਯਮ ਜਾਂ ਟਰੱਸਟ ਡੀਡ ਵੀ ਕਿਹਾ ਜਾ ਸਕਦਾ ਹੈ। ਇਸ ਨੂੰ ਦਿਨ ਪ੍ਰਤੀ ਦਿਨ ਆਪਣੇ ਉਦੇਸ਼ ਦੇ ਅਨੁਸਾਰ ਵੀ ਕੰਮ ਕਰਨਾ ਚਾਹੀਦਾ ਹੈ, ਅਤੇ ਇਸ ਉਦੇਸ਼ ਨੂੰ ਜਨਤਾ ਲਈ ਲੱਭਣਾ ਸੌਖਾ ਬਣਾਉਣਾ ਚਾਹੀਦਾ ਹੈ, ਉਦਾਹਰਣ ਵਜੋਂ ਦਾਨ-ਸੰਸਥਾ ਦੀ ਵੈੱਬਸਾਈਟ ਜਾਂ ਸੋਸ਼ਲ ਮੀਡੀਆ 'ਤੇ, ਜਾਂ ACNC ਚੈਰਿਟੀ ਰਜਿਸਟਰ 'ਤੇ ਸੰਚਾਲਨ ਦੇ ਦਸਤਾਵੇਜ਼ ਪ੍ਰਕਾਸ਼ਤ ਕਰਕੇ।

ਸੰਚਾਲਨ ਦਾ ਮਾਪਦੰਡ 2 ਮੈਂਬਰਾਂ ਪ੍ਰਤੀ ਜਵਾਬਦੇਹੀ ਨਾਲ ਸੰਬੰਧਿਤ ਹੈ।

ਜੇ ਕਿਸੇ ਦਾਨ-ਸੰਸਥਾ ਦੇ ਮੈਂਬਰ ਹਨ, ਤਾਂ ਇਸ ਨੂੰ ਮੈਂਬਰਾਂ ਨੂੰ ਸਵਾਲ ਪੁੱਛਣ, ਚਿੰਤਾਵਾਂ ਦੱਸਣ ਅਤੇ ਦਾਨ-ਸੰਸਥਾ ਨੂੰ ਕਿਵੇਂ ਚਲਾਇਆ ਜਾਂਦਾ ਹੈ, ਬਾਰੇ ਸੂਚਿਤ ਰਹਿਣ ਦੇ ਅਸਲ ਮੌਕੇ ਦੇਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ। ਇਸ ਵਿੱਚ ਇੱਕ ਸਾਲਾਨਾ ਮੀਟਿੰਗ ਸ਼ਾਮਲ ਹੋ ਸਕਦੀ ਹੈ, ਜਿੱਥੇ ਮੈਂਬਰ ਸਵਾਲ ਪੁੱਛ ਸਕਦੇ ਹਨ, ਜਾਂ ਮਹੱਤਵਪੂਰਨ ਮਾਮਲਿਆਂ 'ਤੇ ਵੋਟ ਪਾ ਸਕਦੇ ਹਨ। ਇਸ ਦਾ ਅਰਥ ਇਹ ਵੀ ਹੈ ਕਿ ਗਤੀਵਿਧੀਆਂ ਅਤੇ ਵਿੱਤ ਬਾਰੇ ਜਾਣਕਾਰੀ ਸਾਂਝੀ ਕਰਨਾ ਅਤੇ ਮੈਂਬਰਾਂ ਲਈ ਦਾਨ-ਸੰਸਥਾ ਨੂੰ ਕਿਵੇਂ ਚਲਾਇਆ ਜਾਂਦਾ ਹੈ ਬਾਰੇ ਚਿੰਤਾਵਾਂ ਜ਼ਾਹਰ ਕਰਨ, ਅਤੇ ਬੋਰਡ ਜਾਂ ਕਮੇਟੀ ਦੇ ਮੈਂਬਰਾਂ ਦੀ ਨਿਯੁਕਤੀ ਲਈ ਸਪੱਸ਼ਟ, ਸਧਾਰਣ ਪ੍ਰਕਿਰਿਆਵਾਂ ਦਾ ਹੋਣਾ।

ਸੰਚਾਲਨ ਦੇ ਮਾਪਦੰਡ 3 ਲਈ ਆਸਟ੍ਰੇਲੀਆ ਦੇ ਕਾਨੂੰਨਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ।

ਕਿਸੇ ਦਾਨ-ਸੰਸਥਾ ਨੂੰ ਲਾਜ਼ਮੀ ਤੌਰ 'ਤੇ ਗੰਭੀਰ ਅਪਰਾਧਾਂ ਜਾਂ ਵੱਡੀਆਂ ਸਿਵਲ ਉਲੰਘਣਾਵਾਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ। ਦਾਨ-ਸੰਸਥਾ ਦੇ ਕੰਮ 'ਤੇ ਲਾਗੂ ਹੋਣ ਵਾਲੇ ਮੁੱਖ ਕਾਨੂੰਨਾਂ ਨੂੰ ਜਾਣਨ, ਦਾਨ-ਸੰਸਥਾ ਦੇ ਫੰਡਾਂ ਅਤੇ ਜਾਇਦਾਦਾਂ ਦੀ ਰੱਖਿਆ ਕਰਨ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਹੋਣ ਨੂੰ ਯਕੀਨੀ ਬਣਾਉਣ ਲਈ ਇੱਕ ਸਧਾਰਣ ਜਾਂਚ-ਸੂਚੀ ਦੀ ਵਰਤੋਂ ਕਰਕੇ ਸਮੱਸਿਆਵਾਂ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ। ACNC ਗੰਭੀਰ ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ, ਜੋ ਜਨਤਕ ਵਿਸ਼ਵਾਸ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਜਿਵੇਂ ਕਿ ਧੋਖਾਧੜੀ ਜਾਂ ਮਨੀ ਲੌਂਡਰਿੰਗ, ਇਸ ਲਈ ਜ਼ਿੰਮੇਵਾਰੀਆਂ ਨੂੰ ਸਮਝਣਾ ਮਹੱਤਵਪੂਰਨ ਹੈ।

ਸੰਚਾਲਨ ਦਾ ਮਾਪਦੰਡ 4 ਇਹ ਯਕੀਨੀ ਬਣਾਉਣ ਬਾਰੇ ਹੈ ਕਿ ਬੋਰਡ ਦੇ ਮੈਂਬਰ - ਜਿਨ੍ਹਾਂ ਨੂੰ ACNC 'ਜ਼ਿੰਮੇਵਾਰ ਲੋਕ' ਕਹਿੰਦਾ ਹੈ - ਉਨ੍ਹਾਂ ਦੀਆਂ ਭੂਮਿਕਾਵਾਂ ਲਈ ਢੁੱਕਵੇਂ ਹਨ।

ਇਹ ਸੰਚਾਲਕ ਸਭਾ ਦੇ ਉਹ ਲੋਕ ਹਨ, ਜੋ ਦਾਨ-ਸੰਸਥਾ ਨੂੰ ਸਹੀ ਢੰਗ ਨਾਲ ਚਲਾਉਣ ਦਾ ਫਰਜ਼ ਸਾਂਝੇ ਤੌਰ 'ਤੇ ਨਿਭਾਉਂਦੇ ਹਨ।

ਦਾਨ-ਸੰਸਥਾ ਨੂੰ ਇਹ ਯਕੀਨੀ ਬਣਾਉਣ ਦੀ ਜ਼ਰੂਰਤ ਹੁੰਦੀ ਹੈ, ਕਿ ਇਸ ਦੇ ਬੋਰਡ ਦੇ ਮੈਂਬਰਾਂ ਨੂੰ ਦਾਨ-ਸੰਸਥਾ ਚਲਾਉਣ ਦੀ ਆਗਿਆ ਹੈ। ਅਜਿਹਾ ਕਰਨ ਲਈ, ਦਾਨ-ਸੰਸਥਾ ਨੂੰ ਦੋ ਜਨਤਕ ਸੂਚੀਆਂ ਦੀ ਜਾਂਚ ਕਰਨੀ ਚਾਹੀਦੀ ਹੈ - ਇੱਕ ASIC ਤੋਂ, ਜੋ ਇੱਕ ਸੁਤੰਤਰ ਆਸਟ੍ਰੇਲੀਆ ਸਰਕਾਰੀ ਸੰਸਥਾ ਹੈ, ਅਤੇ ਦੂਸਰੀ ACNC ਤੋਂ - ਜੋ ਉਨ੍ਹਾਂ ਲੋਕਾਂ ਦੇ ਨਾਮ ਦੱਸਦੀਆਂ ਹਨ, ਜਿਨ੍ਹਾਂ ਨੂੰ ਦਾਨ-ਸੰਸਥਾ ਜਾਂ ਕੰਪਨੀ ਚਲਾਉਣ ਦੀ ਆਗਿਆ ਨਹੀਂ ਹੈ। ਇਨ੍ਹਾਂ ਨੂੰ ਅਯੋਗ ਵਿਅਕਤੀਆਂ ਦੇ ਰਜਿਸਟਰ ਕਿਹਾ ਜਾਂਦਾ ਹੈ। ਦਾਨ-ਸੰਸਥਾ ਨੂੰ ਬੋਰਡ ਦੇ ਹਰੇਕ ਮੈਂਬਰ ਨੂੰ ਇੱਕ ਫਾਰਮ 'ਤੇ ਦਸਤਖ਼ਤ ਕਰਨ ਲਈ ਵੀ ਕਿਹਾ ਜਾਣਾ ਚਾਹੀਦਾ ਹੈ, ਜਿਸ ਵਿੱਚ ਲਿਖਿਆ ਗਿਆ ਹੈ ਕਿ ਉਹ ਅਯੋਗ ਨਹੀਂ ਹਨ। ਜੇ ਬਾਅਦ ਵਿੱਚ ਕੋਈ ਬੋਰਡ ਮੈਂਬਰ ਅਯੋਗ ਪਾਇਆ ਜਾਂਦਾ ਹੈ, ਤਾਂ ਦਾਨ-ਸੰਸਥਾ ਨੂੰ ਉਸ ਵਿਅਕਤੀ ਨੂੰ ਭੂਮਿਕਾ ਤੋਂ ਹਟਾਉਣ ਲਈ ਲਾਜ਼ਮੀ ਤੌਰ 'ਤੇ ਕਦਮ ਚੁੱਕਣੇ ਚਾਹੀਦੇ ਹਨ।

ਸੰਚਾਲਨ ਦੇ ਮਾਪਦੰਡ 5 ਲਈ ਜ਼ਿੰਮੇਵਾਰ ਲੋਕਾਂ ਨੂੰ ਮੁੱਖ ਫ਼ਰਜਾਂ ਨੂੰ ਸਮਝਣ, ਅਤੇ ਉਨ੍ਹਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ।

ਇਨ੍ਹਾਂ ਵਿੱਚ ਧਿਆਨ ਅਤੇ ਮਿਹਨਤ ਨਾਲ ਕੰਮ ਕਰਨਾ, ਦਾਨ-ਸੰਸਥਾ ਦੇ ਸਭ ਤੋਂ ਵਧੀਆ ਹਿੱਤਾਂ ਵਿੱਚ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਕੰਮ ਕਰਨਾ, ਅਹੁਦੇ ਜਾਂ ਜਾਣਕਾਰੀ ਦੀ ਦੁਰਵਰਤੋਂ ਤੋਂ ਬਚਣਾ, ਹਿੱਤਾਂ ਦੇ ਟਕਰਾਅ ਦਾ ਐਲਾਨ ਕਰਨਾ, ਦਾਨ-ਸੰਸਥਾ ਦੇ ਵਿੱਤ ਦਾ ਜ਼ਿੰਮੇਵਾਰੀ ਨਾਲ ਪ੍ਰਬੰਧ ਕਰਨਾ, ਅਤੇ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਦਾਨ-ਸੰਸਥਾ ਦੀਵਾਲੀਆ ਹੋ ਜਾਣ 'ਤੇ ਕੰਮ ਕਰਨਾ ਜਾਰੀ ਨਹੀਂ ਰੱਖਦੀ ਹੈ।

ਇਹ ਫ਼ਰਜ਼ ਬੁਨਿਆਦੀ ਇਮਾਨਦਾਰੀ ਅਤੇ ਆਮ ਸਮਝ ਨੂੰ ਦਰਸਾਉਂਦੇ ਹਨ। ਇਸ ਮਾਪਦੰਡ ਨੂੰ ਪੂਰਾ ਕਰਨ ਲਈ, ਦਾਨ-ਸੰਸਥਾ ਆਪਣੇ ਬੋਰਡ ਦੇ ਮੈਂਬਰਾਂ ਨੂੰ ਮਾਰਗ-ਦਰਸ਼ਨ ਜਾਂ ਸਿਖਲਾਈ ਪ੍ਰਦਾਨ ਕਰ ਸਕਦੀ ਹੈ, ਨਿਯੁਕਤੀ

ਵਾਲੀਆਂ ਚਿੱਠੀਆਂ ਜਾਂ ਬੋਰਡ ਦੇ ਚਾਰਟਰ ਵਿੱਚ ਫਰਜ਼ਾਂ ਦੀ ਰੂਪ ਰੇਖਾ ਤਿਆਰ ਕਰ ਸਕਦੀ ਹੈ, ਮੀਟਿੰਗ ਦੇ ਚੰਗੇ ਅਭਿਆਸਾਂ ਨੂੰ ਉਤਸ਼ਾਹਿਤ ਕਰ ਸਕਦੀ ਹੈ, ਅਤੇ ਵਿੱਤੀ ਪ੍ਰਬੰਧ ਅਤੇ ਹਿੱਤਾਂ ਦੇ ਟਕਰਾਅ ਨੂੰ ਸੰਭਾਲਣ ਲਈ ਸਧਾਰਣ ਪ੍ਰਕਿਰਿਆਵਾਂ ਬਣਾ ਸਕਦੀ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਜਦੋਂ ਫਰਜ਼ਾਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ ਤਾਂ ਬਣਦੀ ਕਾਰਵਾਈ ਕਰਨਾ।

ਸੰਚਾਲਨ ਦਾ ਮਾਪਦੰਡ 6 ਨੈਸ਼ਨਲ ਰੀਡਰੈਸ ਸਕੀਮ ਨਾਲ ਸੰਬੰਧਿਤ ਹੈ – ਇਹ ਬਾਲ ਜਿਨਸੀ ਸ਼ੋਸ਼ਣ ਲਈ ਸੰਸਥਾਵਾਂ ਦੀਆਂ ਪ੍ਰਤੀਕਿਰਿਆਵਾਂ ਬਾਰੇ ਰੌਇਲ ਕਮਿਸ਼ਨ ਦੇ ਜਵਾਬ ਵਿੱਚ ਸਥਾਪਤ, ਆਸਟ੍ਰੇਲੀਆ ਸਰਕਾਰ ਦਾ ਇੱਕ ਪ੍ਰੋਗਰਾਮ ਹੈ। ਇਹ ਉਨ੍ਹਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ, ਜਿੰਨ੍ਹਾਂ ਨੂੰ ਸੰਸਥਾਵਾਂ ਵੱਲੋਂ ਬਾਲ ਜਿਨਸੀ ਸ਼ੋਸ਼ਣ ਦਾ ਤਜ਼ਰਬਾ ਹੋਇਆ ਹੈ।

ਜੇ ਕਿਸੇ ਦਾਨ-ਸੰਸਥਾ ਨੂੰ ਨੈਸ਼ਨਲ ਰੀਡਰੈਸ ਸਕੀਮ ਵਿੱਚ ਸੰਸਥਾ ਦੁਆਰਾ ਬਾਲ ਜਿਨਸੀ ਸ਼ੋਸ਼ਣ (institutional child sexual abuse) ਵਿੱਚ ਸ਼ਾਮਲ ਹੋਣ ਵਜੋਂ ਪਛਾਣਿਆ ਜਾਂਦਾ ਹੈ, ਜਾਂ ਪਛਾਣਿਆ ਜਾ ਸਕਦਾ ਹੈ, ਤਾਂ ਦਾਨ-ਸੰਸਥਾ ਨੂੰ ਆਮ ਤੌਰ 'ਤੇ ਛੇ ਮਹੀਨਿਆਂ ਦੇ ਅੰਦਰ, ਹਿੱਸਾ ਲੈਣ ਵਾਲੀ ਗ਼ੈਰ-ਸਰਕਾਰੀ ਸੰਸਥਾ ਬਣਨ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ।

ਦਾਨ-ਸੰਸਥਾ ਨੂੰ ਸਕੀਮ ਦੀਆਂ ਕਿਸੇ ਵੀ ਬੇਨਤੀਆਂ ਵਿੱਚ ਲਾਜ਼ਮੀ ਤੌਰ 'ਤੇ ਸਹਿਯੋਗ ਕਰਨਾ ਚਾਹੀਦਾ ਹੈ, ਅਤੇ ਇੱਕ ਵਾਰ ਸ਼ਾਮਲ ਹੋਣ ਤੋਂ ਬਾਅਦ ਇਸ ਵਿੱਚ ਬਣੇ ਰਹਿਣਾ ਚਾਹੀਦਾ ਹੈ। ਇਸ ਮਾਪਦੰਡ ਦਾ ਉਦੇਸ਼ ਦਾਨ ਵਾਲੇ ਖੇਤਰ ਵਿੱਚ ਜਨਤਕ ਵਿਸ਼ਵਾਸ ਅਤੇ ਵਿਸ਼ਵਾਸ ਨੂੰ ਕਾਇਮ ਰੱਖਣਾ ਹੈ।

ਵਿਹਾਰਕ ਸੰਚਾਲਨ ਦੀਆਂ ਆਦਤਾਂ

ਇਹ ਅਜਿਹੀਆਂ ਵਿਵਹਾਰਕ ਆਦਤਾਂ ਹਨ, ਜੋ ਚੰਗੇ ਪ੍ਰਸ਼ਾਸਨ ਨੂੰ ਦਿਨ-ਪ੍ਰਤੀ ਦਿਨ ਸੌਖਾ ਬਣਾ ਸਕਦੀਆਂ ਹਨ।

ਇੱਕ ਚੰਗੀ ਸ਼ੁਰੂਆਤੀ ਚੀਜ਼ ਦਾਨ-ਸੰਸਥਾ ਦੇ ਸੰਚਾਲਕ ਦਸਤਾਵੇਜ਼ ਨੂੰ ਅੱਪ-ਟੂ-ਡੇਟ ਰੱਖਣਾ, ਅਤੇ ਇਹ ਯਕੀਨੀ ਬਣਾਉਣਾ ਹੈ ਕਿ ਇਹ ACNC ਚੈਰਿਟੀ ਰਜਿਸਟਰ 'ਤੇ ਉਪਲਬਧ ਹੈ।

ਦਾਨ-ਸੰਸਥਾ ਦੇ ਕੰਮ ਕਰਨ ਦੇ ਤਰੀਕੇ ਵਿੱਚ ਜਵਾਬਦੇਹੀ ਤਹਿ ਕਰਨਾ ਵੀ ਮਹੱਤਵਪੂਰਨ ਹੈ। ਇਸ ਵਿੱਚ ਮੀਟਿੰਗ ਦੇ ਮਿੰਟਾਂ ਦਾ ਸਪੱਸ਼ਟ ਰਿਕਾਰਡ ਰੱਖਣਾ, ਵਿੱਤ ਬਾਰੇ ਪਾਰਦਰਸ਼ੀ ਹੋਣਾ, ਅਤੇ ਮੈਂਬਰਾਂ ਨਾਲ ਖੁੱਲ੍ਹ ਕੇ ਸੰਚਾਰ ਕਰਨਾ ਸ਼ਾਮਲ ਹੈ। ਸਧਾਰਣ ਅੰਦਰੂਨੀ ਨਿਯੰਤਰਣ, ਸਮੱਸਿਆਵਾਂ ਨੂੰ ਵਾਪਰਨ ਤੋਂ ਪਹਿਲਾਂ ਰੋਕ ਸਕਦੇ ਹਨ, ਜਿਵੇਂ ਕਿ ਦਾਨ-ਸੰਸਥਾ ਬੈਂਕ ਖਾਤਿਆਂ ਤੱਕ ਪਹੁੰਚ ਕਿਵੇਂ ਕੀਤੀ ਜਾ ਸਕਦੀ ਹੈ, ਅਤੇ ਪੈਸਾ ਕਿਵੇਂ ਖਰਚ ਕੀਤਾ ਜਾਂਦਾ ਹੈ।

ਅੰਤ ਵਿੱਚ, ਲਗਾਤਾਰ ਸਿਖਲਾਈ ਪ੍ਰਦਾਨ ਕਰਨਾ, ਬੋਰਡ ਨੂੰ ਆਪਣੀਆਂ ਜ਼ਿੰਮੇਵਾਰੀਆਂ ਵਿੱਚ ਭਰੋਸਾ ਰੱਖਣ ਵਿੱਚ ਸਹਾਇਤਾ ਕਰਦਾ ਹੈ, ਖ਼ਾਸਕਰ ਵਿੱਤ ਅਤੇ ਹਿੱਤਾਂ ਦੇ ਟਕਰਾਅ ਦੇ ਪ੍ਰਬੰਧਨ ਲਈ।